03 Jan_Pg_3st-8.qxd 1/3/2022 8:47 PM Page 1





ਦਿੱਲੀ ਭਾਜਪਾ ਪ੍ਰਧਾਨ ਆਦੇਸ਼ ਗੁਪਤਾ ਨਾਲ ਮੁਲਾਕਾਤ ਕਰਦੇ ਹੋਏ ਆਦਿਵਾਸੀ ਵਿਕਾਸ ਪ੍ਰੀਸ਼ਦ ਦੇ ਅਹੁਦੇਦਾਰ। ਅਜੀਤ-ਤਸਵੀਰ

# ਆਦਿਵਾਸੀ ਵਿਕਾਸ ਪ੍ਰੀਸ਼ਦ ਵਫ਼ਦ ਵਲੋਂ ਆਦੇਸ਼ ਗੁਪਤਾ ਨਾਲ ਮੁਲਾਕਾਤ

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਆਦਿਵਾਸੀ ਵਿਕਾਸ ਪਰੀਸ਼ਦ ਦਾ ਇਕ ਵਫ਼ਦ ਨੇ ਭਾਜਪਾ ਦਿੱਲੀ ਪ੍ਰਦੇਸ਼ ਪ੍ਰਧਾਨ ਆਦੇਸ਼ ਗੁਪਤਾ ਨਾਲ ਮੁਲਾਕਾਤ ਕੀਤੀ। ਇਸ ਵਫ਼ਦ 'ਚ ਪਰੀਸ਼ਦ ਦੇ ਮੁਖੀ ਤੋਤਾ ਰਾਮ, ਸਰਪ੍ਰਸਤ ਵੀਰਾ ਰਾਮ ਭੀਲ, ਮਹਾਂਮੰਤਰੀ ਸੀ. ਐੱਲ. ਮੀਣਾ ਤੇ ਕਿਸ਼ੋਰ ਕੁਮਾਰ ਭੀਲ ਵੀ ਸ਼ਾਮਿਲ ਸਨ। ਇਸ ਵਫ਼ਦ ਨੇ ਭਾਜਪਾ ਪ੍ਰਦੇਸ਼ ਪ੍ਰਧਾਨ ਗੁਪਤਾ ਨੂੰ ਅਨੁਸੂਚਿਤ ਜਨਜਾਤੀ ਦਾ ਇਕ ਮੋਰਚਾ ਬਣਾਉਣ ਦੀ ਤਜਵੀਜ਼ ਦਿੱਤੀ ਹੈ। ਇਸ ਤਜਵੀਜ਼ 'ਤੇ ਆਦੇਸ਼ ਗੁਪਤਾ ਨੇ ਭਰੋਸਾ ਦਿੰਦੇ ਹੋਏ ਕਿਹਾ ਕਿ ਦਿੱਲੀ ਭਾਜਪਾ ਵਲੋਂ ਛੇਤੀ ਹੀ ਇਕ ਅਨੁਸੂਚਿਤ ਜਨਜਾਤੀ ਮੋਰਚਾ ਦਾ ਗਠਨ ਕੀਤਾ ਜਾਵੇਗਾ। ਇਸ ਮੌਕੇ ਮੌਜੂਦ ਪ੍ਰਦੇਸ਼ ਭਾਜਪਾ ਮੀਡੀਆ ਮੁਖੀ ਨਵੀਨ ਕੁਮਾਰ ਜਿੰਦਲ ਨੇ ਕਿਹਾ ਕਿ ਦਿੱਲੀ ਪ੍ਰਦੇਸ਼ 'ਚ ਕੁਲ 18 ਲੱਖ ਤੋਂ ਜ਼ਿਆਦਾ ਅਜਿਹੇ ਲੋਕ ਹਨ ਜਿਹੜੇ ਅਨੁਸੂਚਿਤ ਜਨਜਾਤੀ ਸਮਾਜ ਦੇ ਤਹਿਤ ਆਉਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਦਿੱਲੀ 'ਚ ਕੋਈ ਵੀ ਸੰਵਿਧਾਨਕ ਅਧਿਕਾਰ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਲਈ ਮੋਰਚੇ ਦਾ ਗਠਨ ਹੁੰਦਾ ਹੈ ਤਾਂ ਨਿਸ਼ਚਤ ਰੂਪ ਨਾਲ ਇਨ੍ਹਾਂ ਨੂੰ ਇਨ੍ਹਾਂ ਦੀ ਪਛਾਣ ਮਿਲੇਗੀ, ਜਿਸ ਦੇ ਇਹ ਹੱਕਦਾਰ ਹਨ।

# ਦਿੱਲੀ 'ਚ ਸਿੱਖਿਆ ਨੂੰ ਜਨ ਅੰਦੋਲਨ ਬਣਾਉਣਾ ਹੀ ਦਿੱਲੀ ਸਰਕਾਰ ਦਾ ਟੀਚਾ-ਸਿਸੋਦੀਆ

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਦਿੱਲੀ ਦੇ ਉੱਪ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਨੇ 'ਦੇਸ਼ ਦੇ ਮੈਂਟਰ' ਪ੍ਰੋਗਰਾਮ 'ਚ ਸੰਬੋਧਨ ਕਰਦੇ ਹੋਏ ਕਿਹਾ ਕਿ ਦਿੱਲੀ ਸਰਕਾਰ ਦਾ ਟੀਚਾ ਦਿੱਲੀ ਵਿਚ ਸਿੱਖਿਆ ਨੂੰ ਜਨ ਅੰਦੋਲਨ ਬਣਾਉਣਾ ਹੈ। ਇਸ ਦੇ ਲਈ ਦਿੱਲੀ ਦੇ ਹਰੇਕ ਵਿਅਕਤੀ ਨੂੰ ਦਿੱਲੀ ਸਰਕਾਰ ਨੂੰ ਸਹਿਯੋਗ ਕਰਨ ਅਤੇ ਆਪਣਾ ਯੋਗਦਾਨ ਦੇਣ ਦੀ ਲੋੜ ਹੈ। ਸ੍ਰੀ ਸਿਸੋਦੀਆ ਨੇ ਅਮਰੀਕਾ ਤੇ ਜਪਾਨ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹ ਦੇਸ਼ ਵਿਕਸਤ ਦੇਸ਼ਾਂ ਦੀ ਸ਼੍ਰੇਣੀ 'ਚ ਇਸ ਕਰਕੇ ਖੜੇ ਹਨ ਕਿਉਂਕਿ ਇਨ੍ਹਾਂ ਦੇਸ਼ਾਂ ਨੇ ਆਪਣੀ ਸਿੱਖਿਆ 'ਤੇ ਬਹੁਤ ਜ਼ਿਆਦਾ ਧਿਆਨ ਦਿੱਤਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਸਰਕਾਰ ਦਾ ਫੋਕਸ ਵੀ ਸਿੱਖਿਆ 'ਤੇ ਹੀ ਹੈ ਤੇ ਅਸੀਂ ਵੀ ਆਪਣੇ ਦੇਸ਼ ਨੂੰ ਸਿੱਖਿਆ ਦੇ ਰਾਹੀਂ ਵਿਕਸਤ ਦੇਸ਼ਾਂ ਦੀ ਸ਼੍ਰੇਣੀ 'ਚ ਖੜਾ ਕਰਾਂਗੇ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਮੈਂਟਰ ਪ੍ਰੋਗਰਾਮ 'ਚ ਹੁਣ ਤੱਕ 37 ਹਜ਼ਾਰ ਯੁਵਾ ਜੁੜ ਚੁੱਕੇ ਹਨ ਅਤੇ ਦਿੱਲੀ ਦੇ ਸਰਕਾਰੀ ਸਕੂਲਾਂ ਦੇ ਕਰੀਬ ਡੇਢ ਲੱਖ ਬੱਚਿਆਂ ਨੂੰ ਗਾਈਡ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇਹ ਮੈਂਟਰ ਦਿੱਲੀ ਦੇ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਗਾਈਡ ਕਰ ਰਹੇ ਹਨ,ਉਸ ਨਾਲ ਉਹ ਦਿਨ ਦੂਰ ਨਹੀਂ ਜਦੋਂ ਦਿੱਲੀ ਦਾ ਹਰੇਕ ਬੱਚਾ ਬਿਹਤਰ ਸਿੱਖਿਆ ਹਾਸਲ ਕਰ ਸਕੇਗਾ ਤੇ ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ 'ਚ ਯੋਗਦਾਨ ਦੇਵੇਗਾ।



ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇਸ਼ ਦੇ ਮੈਂਟਰ ਪ੍ਰੋਗਰਾਮ 'ਚ ਸੰਬੋਧਨ ਕਰਦੇ ਹੋਏ। ਅਜੀਤ-ਤਸਵੀਰ



ਨਵੀਂ ਪਾਣੀ ਦੀ ਪਾਈਪ ਦਾ ਉਦਘਾਟਨ ਕਰਦੇ ਹੋਏ ਵਿਧਾਇਕ ਸ਼ਿਵਚਰਨ ਗੋਇਲ ਨਾਲ ਹੀ ਇਲਾਕੇ ਦੇ ਖੜ੍ਹੇ ਲੋਕ।

# ਪਾਣੀ ਦੀ ਨਵੀਂ ਪਾਈਪ ਪਾਉਣ ਦਾ ਹੋਇਆ ਉਦਘਾਟਨ

ਨਵੀਂ ਦਿੱਲੀ, 3 ਜਨਵਰੀ (ਬਲਵਿੰਦਰ ਸਿੰਘ ਸੋਢੀ)-ਮੋਤੀ ਨਗਰ ਵਿਧਾਨ ਸਭਾ ਇਲਾਕੇ ਦੇ ਵਿਧਾਇਕ ਸ਼ਿਵਚਰਨ ਗੋਇਲ ਨੇ ਇੱਥੋਂ ਦੇ ਡੀ. ਬਲਾਕ ਵਿਖੇ ਪਾਣੀ ਦੀ ਨਵੀਂ ਪਾਈਪ ਪਾਉਣ ਦਾ ਉਦਘਾਟਨ ਨਾਰੀਅਲ ਤੋੜ ਕੇ ਕੀਤਾ। ਉਨ੍ਹਾਂ ਇਸ ਮੌਕੇ ਕਿਹਾ ਕਿ ਇਸ ਇਲਾਕੇ ਵਿਚ ਜੋ ਪਾਣੀ ਦੇ ਪਾਇਪ ਪਾਏ ਗਏ ਹਨ ਉਹ ਬਹੁਤ ਪੁਰਾਣੇ ਹੋ ਗਏ ਸਨ, ਜਿਸ ਕਰਕੇ ਲੋਕਾਂ ਨੂੰ ਕਾਫ਼ੀ ਸਮੱਸਿਆ ਆ ਰਹੀ ਸੀ ਅਤੇ ਇਸ ਮਾਮਲੇ ਲਈ ਇੱਥੋਂ ਦੇ ਲੋਕਾਂ ਨੇ ਉਨ੍ਹਾਂ ਕੋਲ ਆ ਕੇ ਆਪਣੀ ਇਹ ਸਮੱਸਿਆ ਦੱਸੀ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਪ੍ਰਤੀ ਕਾਰਵਾਈ ਕਰਦੇ ਹੋਏ ਉਨ੍ਹਾਂ ਨਵੀਂ ਪਾਇਪ ਵਿਛਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਲੋਕਾਂ ਦੀ ਸਮੱਸਿਆ ਪੱਕੇ ਤੌਰ 'ਤੇ ਖ਼ਤਮ ਹੋ ਜਾਵੇਗੀ। ਇਸ ਮੌਕੇ ਇੱਥੋਂ ਦੇ ਲੋਕਾਂ ਨੇ ਕਿਹਾ ਕਿ ਜਦੋਂ ਵੀ ਉਹ ਆਪਣੀ ਕੋਈ ਵੀ ਸਮੱਸਿਆ ਲੈ ਕੇ ਵਿਧਾਇਕ ਕੋਲ ਜਾਂਦੇ ਹਨ ਤਾਂ ਉਹ ਉਸੇ ਹੀ ਸਮੇਂ ਸਮੱਸਿਆ ਹੱਲ ਕਰਨ ਦੀ ਹਾਮੀ ਭਰ ਦਿੰਦੇ ਹਨ। ਲੋਕਾਂ ਨੇ ਵਿਧਾਇਕ ਸ਼ਿਵਚਰਨ ਗੋਇਲ ਦਾ ਧੰਨਵਾਦ ਕੀਤਾ।

# ਹਰਗੋਬਿੰਦ ਇਨਕਲੇਵ ਅਦਾਰੇ 'ਚ ਗੈਰ-ਕਾਨੂੰਨੀ ਗਤੀਵਿਧੀਆਂ ਲਈ ਕਮੇਟੀ ਪ੍ਰਬੰਧਕ ਜ਼ਿੰਮੇਵਾਰ- ਇੰਦਰ ਮੋਹਨ ਸਿੰਘ

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਨਾਮਜ਼ਦ ਮੈਂਬਰ ਇੰਦਰਮੋਹਨ ਸਿੰਘ ਨੇ ਦਾਅਵਾ ਕੀਤਾ ਹੈ ਕਿ ਦਿੱਲੀ ਕਮੇਟੀ ਦੇ ਹਰਗੋਬਿੰਦ ਇਨਕਲੇਵ ਸਥਿਤ ਬੰਦ ਪਏ ਅਦਾਰੇ 'ਚ ਲੰਬੇ ਸਮੇਂ ਤੋਂ ਚੱਲ ਰਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਲਈ ਕਮੇਟੀ ਦੇ ਪ੍ਰਬੰਧਕਾਂ ਦੀ ਮਿਲੀਭੁਗਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਕਮੇਟੀ ਦੇ ਕਾਰਜਕਾਰੀ ਬੋਰਡ ਦੀ ਮੀਟਿੰਗ 'ਚ ਇਸ ਅਦਾਰੇ 'ਚ ਗ਼ੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਕਰੋੜਾਂ ਰੁਪਏ ਨਾਲ ਬਣੇ ਜਿਮ, ਸ਼ੂਟਿੰਗ ਰੇਂਜ ਤੇ ਕੰਪਿਊਟਰ ਸੈਂਟਰ ਦੇ ਘੁਟਾਲੇ ਦਾ ਪਰਦਾਫਾਸ਼ ਕਰਨ ਲਈ ਤਿੰਨ ਮੈਂਬਰੀ ਕਮੇਟੀ ਦੇ ਗਠਨ ਕਰਨ ਦੇ ਸਬੰਧ 'ਚ ਆਪਣੀ ਪ੍ਰਤਿਕਿਰਆ ਦਿੰਦੇ ਹੋਏ ਇੰਦਰ ਮੋਹਨ ਸਿੰਘ ਨੇ ਦੱਸਿਆ ਹੈ ਕਿ ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਮੁਤਾਬਿਕ ਪਿਛਲੇ ਇਕ ਸਾਲ ਤੋਂ ਵੱਧ ਸਮੇਂ 'ਤੋਂ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧਿਆਂ ਨੂੰ ਕਮੇਟੀ ਮੈਂਬਰ ਜਸਮੈਨ ਸਿੰਘ ਨੋਨੀ ਵਲੋਂ ਅੰਜਾਮ ਦਿੱਤਾ ਜਾ ਰਿਹਾ ਸੀ, ਪਰ ਸ. ਨੋਨੀ ਨੂੰ 6 ਸਾਲਾਂ ਲਈ ਪਾਰਟੀ 'ਚੋਂ ਕੱਢ ਕੇ ਤੇ ਇਸ ਘੁਟਾਲੇ ਦੀ ਪੜਤਾਲ ਲਈ ਇਕ ਕਮੇਟੀ ਦਾ ਗਠਨ ਕਰਕੇ ਬਾਦਲ ਦਲ ਨੇ ਆਪਣਾ ਪੱਲਾਂ ਝਾੜ੍ਹਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਇੰਦਰ ਮੋਹਨ ਸਿੰਘ ਨੇ ਕਮੇਟੀ ਦੇ ਜਨਰਲ ਸਕੱਤਰ ਨੂੰ ਸਵਾਲ ਕੀਤਾ ਹੈ ਕਿ ਕਮੇਟੀ ਦੇ ਬੰਦ ਪਏ ਅਦਾਰੇ 'ਚ ਉਨ੍ਹਾਂ ਦੀ ਨੱਕ ਹੇਠ ਚੱਲ ਰਹੇ ਗੈਰ-ਕਾਨੂੰਨੀ ਕੰਮਾਂ ਦੀ ਉਨ੍ਹਾਂ ਨੂੰ ਖ਼ਬਰ ਕਿਉਂ ਨਹੀ ਸੀ ?







ਐੱਸ.ਐੱਫ.ਆਈ. ਤੇ ਕੇ.ਵਾਈ.ਐੱਸ. ਦੇ ਵਰਕਰ ਪ੍ਰਦਰਸ਼ਨ ਕਰਦੇ ਹੋਏ।

# ਐੱਸ.ਐੱਫ.ਆਈ. ਤੇ ਕੇ.ਵਾਈ.ਐੱਸ. ਵਲੋਂ ਪ੍ਰਦਰਸ਼ਨ

ਨਵੀਂ ਦਿੱਲੀ, 3 ਜਨਵਰੀ (ਬਲਵਿੰਦਰ ਸਿੰਘ ਸੋਢੀ)-ਕ੍ਰਾਂਤੀਜੋਤੀ ਸਵਿੱਤਰੀ ਬਾਈ ਫੁਲੇ ਦੀ ਜੈਅੰਤੀ ਮੌਕੇ ਕ੍ਰਾਂਤੀਕਾਰੀ ਯੁਵਾ ਸੰਗਠਨ (ਕੇ.ਵਾਈ.ਸੀ.) ਦੇ ਵਰਕਰਾਂ ਨੇ ਦਿੱਲੀ ਯੂਨੀਵਰਸਿਟੀ ਦੇ ਆਰਟਸ ਫੈਕਲਟੀ ਵਿਚ ਹੋ ਰਹੇ ਵਿਰੋਧ ਪ੍ਰਦਰਸ਼ਨ ਵਿਚ ਹਿੱਸਾ ਲਿਆ। ਉਨ੍ਹਾਂ ਦਾ ਕਹਿਣਾ ਹੈ ਕਿ ਦਿੱਲੀ ਯੂਨੀਵਰਸਿਟੀ ਵਿਚ ਕੈਂਪਸ ਖੋਲ੍ਹਣ ਲਈ ਪਿਛਲੇ ਦਿਨਾਂ ਤੋਂ ਵਿਰੋਧ ਪ੍ਰਦਰਸ਼ਨ ਹੋ ਰਿਹਾ ਹੈ ਅਤੇ ਡਿਜੀਟਲ ਡਿਵਾਇਸ ਨਾਲ ਜੂਝ ਰਹੇ ਵਿਦਿਆਰਥੀਆਂ ਦੀ ਦੁਰਦਸ਼ਾ ਪ੍ਰਤੀ ਦਿੱਲੀ ਯੂਨੀਵਰਸਿਟੀ ਪ੍ਰਸ਼ਾਸਨ ਦੀ ਉਦਾਸੀਨਤਾ ਅਤੇ ਉਸ ਦੁਆਰਾ ਦਿੱਤੇ ਗਏ ਝੂਠੇ ਵਿਸ਼ਵਾਸ ਦੇ ਵਿਰੁੱਧ ਇਹ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਆਨਲਾਈਨ ਸਿੱਖਿਆ ਗ਼ੈਰ ਬਰਾਬਰੀ ਨੂੰ ਵਧਾ ਰਹੀ ਹੈ ਅਤੇ ਸਿੱਖਿਆ 'ਤੇ ਬੁਰਾ ਪ੍ਰਭਾਵ ਪਿਆ ਹੈ। ਕੇ.ਵਾਈ.ਐੱਸ. ਨੇ ਆਨਲਾਈਨ ਸਿੱਖਿਆ ਦੀ ਆੜ ਵਿਚ ਸਰਬਜਨਕ ਸਿੱਖਿਆ ਦੇ ਅਣਉਪਚਾਰੀਕਰਨ ਅਤੇ ਐੱਨ.ਈ.ਪੀ. 2020 ਨੂੰ ਥੋਪਣ ਦੇ ਵਿਰੁੱਧ ਅੰਦੋਲਨ ਤੇਜ਼ ਕਰਨ ਦਾ ਸੰਕਲਪ ਲਿਆ ਹੈ।

# ਬਾਜ਼ਾਰਾਂ 'ਚ ਹੋ ਰਹੀ ਹੈ ਅਜੇ ਵੀ ਭੀੜ

ਨਵੀਂ ਦਿੱਲੀ, 3 ਜਨਵਰੀ (ਬਲਵਿੰਦਰ ਸਿੰਘ ਸੋਢੀ)-ਕੋਰੋਨਾ ਦੇ ਮਾਮਲੇ ਰੋਜ਼ਾਨਾ ਸਾਹਮਣੇ ਆ ਰਹੇ ਹਨ ਪਰ ਫਿਰ ਵੀ ਦਿੱਲੀ ਦੇ ਬਾਜ਼ਾਰਾਂ ਵਿਚ ਭੀੜ ਘੱਟ ਹੋਣ ਦਾ ਨਾਂਅ ਨਹੀਂ ਲੈ ਰਹੀ। ਹਾਲਾਂਕਿ ਬਾਜ਼ਾਰਾਂ ਦੀਆਂ ਐਸੋਸੀਏਸ਼ਨਾਂ ਨੇ ਦੁਕਾਨਦਾਰਾਂ ਨੂੰ ਇਨ੍ਹਾਂ ਹਾਲਾਤਾਂ ਵਿਚ ਸੁਚੇਤ ਰਹਿਣ ਨੂੰ ਕਿਹਾ ਹੈ ਪਰ ਗਾਹਕਾਂ ਨੂੰ ਵੇਖ ਕੇ ਦੁਕਾਨਦਾਰ ਆਪਣੀ ਵਿਕਰੀ ਲਈ ਕੁਝ ਨਹੀਂ ਬੋਲਦੇ। ਇਸ ਸਥਿਤੀ ਨੂੰ ਵੇਖਦੇ ਹੋਏ ਬਾਜ਼ਾਰਾਂ ਦੀਆਂ ਐਸੋਸੀਏਸ਼ਨਾਂ ਨੇ ਬਾਜ਼ਾਰਾਂ 'ਚ ਵਲੰਟੀਅਰ ਤਾਇਨਾਤ ਕੀਤੇ ਹਨ। ਇਹ ਵਲੰਟੀਅਰ ਉਨ੍ਹਾਂ ਲੋਕਾਂ ਨੂੰ ਟੋਕਣਗੇ, ਜਿਨ੍ਹਾਂ ਦੇ ਮਾਸਕ ਨਹੀਂ ਲਗਾਇਆ ਹੋਵੇਗਾ ਅਤੇ ਨਾਲ ਹੀ ਸਮਾਜਿਕ ਦੂਰੀ ਪ੍ਰਤੀ ਧਿਆਨ ਰੱਖਣਗੇ ਅਤੇ ਨਾਲ ਹੀ ਕਤਾਰ ਲਗਾਉਣ ਬਾਰੇ ਕਹਿਣਗੇ। ਵਰਨਣਯੋਗ ਹੈ ਕਿ ਬਾਜ਼ਾਰਾਂ ਵਿਚ ਇਸ ਸਮੇਂ ਆਡ-ਈਵਨ ਦੇ ਅਨੁਸਾਰ ਦੁਕਾਨਾਂ ਖੁੱਲ੍ਹ ਰਹੀਆਂ ਹਨ ਅਤੇ ਦੁਕਾਨਦਾਰਾਂ ਨੇ ਦੁਕਾਨਾਂ ਅੱਗੇ ਸੈਨੇਟਾਈਜ਼ ਦੀਆਂ ਛੋਟੀਆਂ ਬੋਤਲਾਂ ਰੱਖੀਆਂ ਹੋਈਆਂ ਹਨ।



ਭਾਈ ਭੁੱਲਰ ਦੀ ਰਿਹਾਈ ਵਾਸਤੇ ਦਿੱਲੀ ਦੇ ਜੇਲ੍ਹ ਮੰਤਰੀ ਸਤਿੰਦਰ ਜੈਨ ਨਾਲ ਮੁਲਾਕਾਤ ਕਰਦੇ ਹੋਏ ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਦੇ ਆਗੂ ਚਮਨ ਸਿੰਘ, ਅਵਤਾਰ ਸਿੰਘ ਕਾਲਕਾ, ਪਰਮਿੰਦਰਪਾਲ ਸਿੰਘ, ਜਸਵਿੰਦਰ ਸਿੰਘ ਖਾਲਸਾ ਤੇ ਹੋਰ। ਅਜੀਤ ਤਸਵੀਰ

# ਰਿਹਾਈ ਮੋਰਚਾ ਦੇ ਵਫ਼ਦ ਵਲੋਂ ਭਾਈ ਭੁੱਲਰ ਦੀ ਰਿਹਾਈ ਲਈ ਜੇਲ੍ਹ ਮੰਤਰੀ ਸਤਿੰਦਰ ਜੈਨ ਨਾਲ ਮੁਲਾਕਾਤ

**ਭਾਈ ਹਵਾਰਾ ਦੀ ਜੇਲ੍ਹ ਤਬਦੀਲੀ ਦੀ ਵੀ ਕੀਤੀ ਮੰਗ**

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਬੰਦੀ ਸਿੰਘਾਂ ਦੀ ਰਿਹਾਈ ਲਈ ਕਾਰਜਸ਼ੀਲ ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਦੇ ਆਗੂਆਂ ਨੇ ਦਿੱਲੀ ਦੇ ਗ੍ਰਹਿ ਤੇ ਜੇਲ੍ਹ ਮੰਤਰੀ ਸਤਿੰਦਰ ਜੈਨ ਤੇ ਦਿੱਲੀ ਵਿਧਾਨ ਸਭਾ ਦੇ ਨੇਤਾ ਵਿਰੋਧੀ ਧਿਰ ਰਾਮਬੀਰ ਸਿੰਘ ਬਿਧੂੜੀ ਨਾਲ ਦਿੱਲੀ ਵਿਧਾਨ ਸਭਾ ਵਿਖੇ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਦੋਵਾਂ ਆਗੂਆਂ ਨੂੰ ਰਿਹਾਈ ਮੋਰਚੇ ਵਲੋਂ ਮੰਗ ਪੱਤਰ ਵੀ ਸੌਂਪਿਆ ਗਿਆ। ਰਿਹਾਈ ਮੋਰਚੇ ਦੇ ਆਗੂ ਤੇ ਸਾਬਕਾ ਵਿਧਾਇਕ ਅਵਤਾਰ ਸਿੰਘ ਕਾਲਕਾ, ਦਿੱਲੀ ਕਮੇਟੀ ਮੈਂਬਰ ਚਮਨ ਸਿੰਘ ਸ਼ਾਹਪੁਰਾ, ਡਾਕਟਰ ਪਰਮਿੰਦਰ ਪਾਲ ਸਿੰਘ, ਦਲਜੀਤ ਸਿੰਘ, ਸੰਗਤ ਸਿੰਘ ਤੇ ਜੋਰਾਵਰ ਸਿੰਘ ਨੇ ਦੱਸਿਆ ਕਿ ਜਿੱਥੇ ਸਤਿੰਦਰ ਜੈਨ ਨੇ ਮਸਲੇ ਬਾਰੇ ਵਿਚਾਰ ਕਰਨ ਦਾ ਭਰੋਸਾ ਦਿੱਤਾ ਹੈ ਉਥੇ ਹੀ ਬਿਧੂੜੀ ਨੇ ਵਿਧਾਨ ਸਭਾ ਵਿੱਚ ਇਹ ਮੁੱਦਾ ਚੁੱਕਣ ਦੀ ਗੱਲ ਕੀਤੀ ਹੈ। ਰਿਹਾਈ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਦਿੱਲੀ ਸਰਕਾਰ ਭਾਈ ਭੁੱਲਰ ਦੀ ਰਿਹਾਈ ਕਿਉਂ ਰੋਕ ਰਹੀ ਹੈ, ਸਮਝ ਨਹੀਂ ਆ ਰਿਹਾ। ਇਸੇ ਤਰ੍ਹਾਂ ਭਾਈ ਹਵਾਰਾ ਨੂੰ ਦਿੱਲੀ ਵਿਚ ਕੋਈ ਮੁਕੱਦਮਾ ਬਾਕੀ ਨਾ ਹੋਣ ਦੇ ਬਾਵਜੂਦ ਪੰਜਾਬ ਜੇਲ੍ਹ 'ਚ ਨਹੀਂ ਭੇਜਿਆ ਜਾ ਰਿਹਾ।

# ਲੁੱਟ-ਖਸੁੱਟ ਕਰਨ ਵਾਲੇ 4 ਬਦਮਾਸ਼ਾਂ ਨੂੰ ਪੁਲਿਸ ਨੇ ਕੀਤਾ ਕਾਬੂ

ਨਵੀਂ ਦਿੱਲੀ, 3 ਜਨਵਰੀ (ਬਲਵਿੰਦਰ ਸਿੰਘ ਸੋਢੀ)-ਦਿੱਲੀ 'ਚ ਕਈ ਗਰੋਹ ਹਨ, ਜੋ ਕਿ ਆਪੋ-ਆਪਣੇ ਢੰਗ ਨਾਲ ਠੱਗੀ, ਚੋਰੀ ਤੇ ਲੁੱਟ-ਖਸੁੱਟ ਕਰ ਰਹੇ ਹਨ। ਪਟਪੜਗੰਜ ਥਾਣੇ ਦੀ ਪੁਲਿਸ ਨੇ ਇਕ ਗਰੋਹ ਦੇ ਚਾਰ ਬਦਮਾਸ਼ਾਂ ਨੂੰ ਫੜਿਆ ਹੈ, ਜੋ ਕਿ ਸਵਾਰੀ ਨੂੰ ਕਾਰ ਵਿਚ ਬਿਠਾ ਕੇ ਉਸ ਦੇ ਦੱਸੇ ਥਾਂ 'ਤੇ ਛੱਡਣ ਦਾ ਬਹਾਨਾ ਲਗਾ ਕੇ ਉਸ ਨਾਲ ਲੁੱਟ-ਖਸੁੱਟ ਕਰਦੇ ਸਨ। ਇਹ ਚਾਰੇ ਬਦਮਾਸ਼ ਪ੍ਰਹਿਲਾਦਪੁਰ ਦੇ ਰਹਿਣ ਵਾਲੇ ਹਨ। ਇਨ੍ਹਾਂ ਬਦਮਾਸ਼ਾਂ ਨੇ ਅਨੰਦ ਵਿਹਾਰ ਬੱਸ ਅੱਡੇ ਦੇ ਬਾਹਰ ਇਕ ਸਵਾਰੀ ਨੂੰ ਬਿਠਾਇਆ, ਜਿਸ ਨੇ ਕਿ ਸਰਾਏ ਕਾਲੇ ਖਾਂ ਜਾਣਾ ਸੀ। ਕਾਰ ਵਾਲਿਆਂ ਨੇ ਉਸ ਨੂੰ ਇਸ ਥਾਂ 'ਤੇ ਛੱਡਣ ਲਈ ਕਿਹਾ। ਇਨ੍ਹਾਂ ਬਦਮਾਸ਼ਾਂ ਨੇ ਆਪਣੀ ਕਾਰ ਗਾਜ਼ੀਆਬਾਦ ਵੱਲ ਮੋੜ ਲਈ ਅਤੇ ਰਸਤੇ 'ਚ ਉਨ੍ਹਾਂ ਨੇ ਕਾਰ ਵਿਚ ਬਿਠਾਏ ਗਏ ਵਿਅਕਤੀ ਦਾ ਲੈਪਟਾਪ, ਮੋਬਾਈਲ, ਏ.ਟੀ.ਐੱਮ. ਕਾਰਡ ਖੋਹ ਲਿਆ। ਇਸ ਨਾਲ ਹੀ ਉਨ੍ਹਾਂ ਬਦਮਾਸ਼ਾਂ ਨੇ ਏ.ਟੀ.ਐੱਮ. ਦਾ ਪਿਨ ਪੁੱਛ ਕੇ ਉਸ ਦੇ ਖਾਤੇ 'ਚੋਂ 90 ਹਜ਼ਾਰ ਰੁਪਏ ਕੱਢ ਲਏ ਅਤੇ ਉਸ ਵਿਅਕਤੀ ਨੂੰ ਲੋਨੀ ਦੇ ਇਲਾਕੇ ਵਿਚ ਸੁੱਟ ਕੇ ਫ਼ਰਾਰ ਹੋ ਗਏ। ਇਸ ਵਿਅਕਤੀ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਅਤੇ ਪੁਲਿਸ ਨੇ ਤੁਰੰਤ ਜਾਂਚ ਕੀਤੀ। ਪੁਲਿਸ ਦੀ ਬਣਾਈ ਟੀਮ ਨੇ ਚਾਰ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਗਲਾ ਘੋਟੂ ਗਰੋਹ ਨੇ ਫਿਰ ਕੀਤੀ ਵਾਰਦਾਤ

ਨਵੀਂ ਦਿੱਲੀ, 3 ਜਨਵਰੀ (ਬਲਵਿੰਦਰ ਸਿੰਘ ਸੋਢੀ)-ਦਿੱਲੀ ਵਿਚ ਫਿਰ ਗਲਾ ਘੋਟੂ ਗਰੋਹ ਸਰਗਰਮ ਹੋ ਗਿਆ ਹੈ ਅਤੇ ਵਾਰਦਾਤਾਂ ਵੀ ਕਰ ਰਿਹਾ ਹੈ। ਇਸ ਗਰੋਹ ਦੇ 2 ਬਦਮਾਸ਼ਾਂ ਨੇ ਨਿਹਾਲ ਵਿਹਾਰ ਦੇ ਵਿਅਕਤੀ ਨੂੰ ਉਸ ਦਾ ਗਲਾ ਘੁੱਟ ਕੇ ਉਸ ਦਾ ਮੋਬਾਈਲ ਤੇ ਜੇਬ ਵਿਚ ਰੱਖੇ ਪੈਸਿਆਂ ਨੂੰ ਲੁੱਟ ਲਿਆ। ਗਲਾ ਦਬਾਉਣ 'ਤੇ ਉਹ ਬੇਹੋਸ਼ ਹੋ ਗਿਆ ਅਤੇ ਕੁਝ ਸਮੇਂ ਬਾਅਦ ਜਦੋਂ ਉਸ ਨੂੰ ਹੋਸ਼ ਆਈ ਤਾਂ ਉਸ ਨੇ ਆਪਣਾ ਮੋਬਾਈਲ ਤੇ ਜੇਬ ਵਿਚ ਪੈਸੇ ਵੇਖੇ ਤਾਂ ਉਹ ਨਾ ਮਿਲੇ। ਇਸ ਮਾਮਲੇ ਪ੍ਰਤੀ ਇਸ ਵਿਅਕਤੀ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ ਕਿ ਉਹ ਆਪਣੇ ਕੰਮ ਤੋਂ ਘਰ ਜਾ ਰਿਹਾ ਸੀ ਅਤੇ ਦੋ ਬਦਮਾਸ਼ਾਂ ਨੇ ਪਿੱਛੇ ਤੋਂ ਆ ਕੇ ਉਸ ਦਾ ਗਲਾ ਦਬਾ ਦਿੱਤਾ। ਪੁਲਿਸ ਮਾਮਲਾ ਦਰਜ ਕਰਕੇ ਸੀ.ਸੀ.ਟੀ.ਵੀ. ਦੀ ਫੁਟੇਜ ਦੇ ਨਾਲ-ਨਾਲ ਹੋਰਨਾਂ ਲੋਕਾਂ ਤੋਂ ਵੀ ਪੁੱਛ-ਪੜਤਾਲ ਕਰ ਰਹੀ ਹੈ। ਪੁਲਿਸ ਨੂੰ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ ਪਰ ਪੁਲਿਸ ਦਾ ਕਹਿਣਾ ਹੈ ਕਿ ਉਹ ਜਲਦੀ ਲੁਟੇਰਿਆਂ ਦਾ ਪਤਾ ਕਰ ਲਵੇਗੀ।







ਦਿੱਲੀ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਦੇ ਖਿਲਾਫ਼ ਦਿੱਲੀ ਦੇ ਵੱਖ-ਵੱਖ ਇਲਾਕਿਆਂ 'ਚ ਪ੍ਰਦਰਸ਼ਨ ਕਰਦੇ ਹੋਏ ਦਿੱਲੀ ਭਾਜਪਾ ਦੇ ਆਗੂ ਤੇ ਵਰਕਰ। ਅਜੀਤ ਤਸਵੀਰਾਂ

# ਦਿੱਲੀ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਖਿਲਾਫ਼ ਭਾਜਪਾ ਵਲੋਂ ਚੱਕਾ ਜਾਮ

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਭਾਜਪਾ ਦਿੱਲੀ ਪ੍ਰਦੇਸ਼ ਪ੍ਰਧਾਨ ਆਦੇਸ਼ ਗੁਪਤਾ ਦੀ ਅਗਵਾਈ 'ਚ ਦਿੱਲੀ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਦੇ ਖਿਲਾਫ਼ ਦਿੱਲੀ ਦੇ ਵੱਖ ਵੱਖ ਇਲਾਕਿਆਂ 'ਚ ਚੱਕਾ ਜਾਮ ਕੀਤਾ ਗਿਆ। ਪ੍ਰਦਰਸ਼ਨ ਦੌਰਾਨ ਆਦੇਸ਼ ਗੁਪਤਾ ਨੇ ਕਿਹਾ ਕਿ ਕੇਜਰੀਵਾਲ ਸਰਕਾਰ ਨਵੀਂ ਆਬਕਾਰੀ ਨੀਤੀ ਦੁਆਰਾ ਪੂਰੀ ਦਿੱਲੀ ਨੂੰ ਸ਼ਰਾਬ ਨਗਰੀ ਬਣਾਉਣ 'ਤੇ ਤੁਲੀ ਹੋਈ ਹੈ ਪ੍ਰੰਤੂ ਭਾਜਪਾ ਇਹ ਕਿਸੀ ਵੀ ਹਾਲ 'ਚ ਬਰਦਾਸ਼ਤ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਇਸ ਆਬਕਾਰੀ ਨੀਤੀ ਦੇ ਖਿਲਾਫ ਦਿੱਲੀ ਭਾਜਪਾ ਤੱਦ ਤੱਕ ਪ੍ਰਦਰਸ਼ਨ ਕਰਦੀ ਰਹੇਗੀ ਜਦ ਤੱਕ ਇਸ ਨੂੰ ਵਾਪਸ ਨਹੀਂ ਲਿਆ ਜਾਂਦਾ। ਗੁਪਤਾ ਨੇ ਕਿਹਾ ਕਿ ਨਵੀਂ ਆਬਕਾਰੀ ਨੀਤੀ ਦੇ ਖਿਲਾਫ ਭਾਜਪਾ ਦਾ ਵਿਰੋਧ ਪ੍ਰਦਰਸ਼ਨ ਵੱਖ-ਵੱਖ ਇਲਾਕਿਆਂ 'ਚ ਲਗਾਤਾਰ ਜਾਰੀ ਹੈ ਤੇ ਭਾਜਪਾ ਸ਼ਾਸਤ ਨਿਗਮਾਂ ਨੇ ਰਲ ਕੇ ਇਹ ਤੈਅ ਕੀਤਾ ਹੈ ਕਿ ਨਵੀਂ ਸ਼ਰਾਬ ਨੀਤੀ ਦੇ ਤਹਿਤ ਖੋਲ੍ਹੀਆਂ ਜਾ ਰਹੀਆਂ ਦੁਕਾਨਾਂ ਜੇਕਰ ਮਾਸਟਰ ਪਲਾਨ 2021 ਤੇ ਨਿਗਮਾਂ ਦੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਹੋਏਗੀ ਤਾਂ ਉਸ ਨੂੰ ਤੁਰੰਤ ਪ੍ਰਭਾਵ ਤੋਂ ਸੀਲ ਕਰ ਦਿੱਤਾ ਜਾਵੇਗਾ। ਗੁਪਤਾ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ 'ਤੇ ਰੋਕ ਲਗਾਉਣ ਦੀ ਵਕਾਲਤ ਕਰ ਰਹੇ ਕੇਜਰੀਵਾਲ ਦਿੱਲੀ ਨੂੰ ਸ਼ਰਾਬ ਨਗਰੀ ਬਣਾਉਣ 'ਚ ਤੁਲੇ ਹੋਏ ਹਨ।

# ਕੋਰੋਨਾ ਪ੍ਰਬੰਧਾਂ ਦੇ ਮਾਮਲੇ 'ਚ ਕੇਜਰੀਵਾਲ 'ਤੇ ਗੁੰਮਰਾਹ ਕਰਨ ਦਾ ਦੋਸ਼

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਚੌ. ਅਨਿਲ ਕੁਮਾਰ ਨੇ ਕਿਹਾ ਹੈ ਕਿ ਅਰਵਿੰਦ ਕੇਜਰੀਵਾਲ ਇਕ ਵਾਰ ਫਿਰ ਤੋਂ ਜਨਤਾ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੇਜਰੀਵਾਲ ਵਲੋਂ ਦਿੱਲੀ ਦੀ ਜਨਤਾ ਨੂੰ ਇਹ ਆਖਿਆ ਜਾ ਰਿਹਾ ਹੈ ਕਿ ਕੋਰੋਨਾ ਤੋਂ ਡਰਨ ਦੀ ਲੋੜ ਨਹੀਂ ਹੈ ਕਿਉਂਕਿ ਸਰਕਾਰ ਕੋਲ ਕੋਰੋਨਾ ਦੇ ਟਾਕਰੇ ਲਈ ਸਾਰੇ ਪ੍ਰਬੰਧ ਹਨ। ਉਨ੍ਹਾਂ ਕਿਹਾ ਕਿ ਸਾਰੇ ਜਾਣਦੇ ਹਨ ਕਿ ਅਰਵਿੰਦ ਕੇਜਰੀਵਾਲ ਦੀ ਕਥਨੀ ਤੇ ਕਰਨੀ 'ਚ ਕਿੰਨਾ ਫਰਕ ਹੈ, ਉਹ ਕਹਿੰਦੇ ਕੁੱਝ ਹੋਰ ਹਨ ਤੇ ਕਰਦੇ ਕੁੱਝ ਵੀ ਨਹੀਂ ਹਨ। ਉਨ੍ਹਾਂ ਕਿਹਾ ਕਿ ਮਾਹਰਾਂ ਨੇ ਪਹਿਲਾਂ ਹੀ ਤੇਜੀ ਨਾਲ ਫੈਲਣ ਵਾਲੇ ਓਮੀਕਰੋਨ ਦੇ ਗੰਭੀਰ ਪ੍ਰਭਾਵਾਂ ਦੇ ਨਾਲ ਫੈਲਣ ਵਾਲੇ ਕੋਵਿਡ ਦੀ ਤੀਜੀ ਲਹਿਰ ਦੀ ਚਿਤਾਵਨੀ ਦੇ ਦਿੱਤੀ ਹੈ, ਪਰ ਕੇਜਰੀਵਾਲ ਵਾਰ-ਵਾਰ ਬਿਆਨਬਾਜ਼ੀ ਕਰਕੇ ਇਕ ਅਲਗ ਹੀ ਰਵੱਈਆ ਅਪਣਾਉਂਦੇ ਹੋਏ ਆਖ ਰਹੇ ਹਨ ਕਿ ਉਨ੍ਹਾਂ ਦੀ ਸਰਕਾਰ ਕਿਸੀ ਵੀ ਸੰਕਟ ਦੀ ਸਥਿਤੀ ਨਾਲ ਨਿਪਟਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਦਿੱਲੀ 'ਚ ਕੋਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਪਰ ਇਸ ਦੇ ਬਾਵਜੂਦ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣੇ ਰਾਜਨੀਤਕ ਦੌਰੇ 'ਤੇ ਦਿੱਲੀ ਤੋਂ ਗਾਇਬ ਹਨ।



ਅਵਾਰਾ ਕੁੱਤੇ ਦੇ ਅੱਗੇ ਆ ਜਾਣ ਕਰਕੇ ਸੜਕ ਉੱਪਰ ਪਲਟੀ ਦੁਰਘਟਨਾਗ੍ਰਸਤ ਹੋਈ ਗੱਡੀ। ਤਸਵੀਰ - ਸਤਿੰਦਰ ਪਾਲ ਸਿੰਘ

# ਅਵਾਰਾ ਕੁੱਤੇ ਦੇ ਗੱਡੀ ਅੱਗੇ ਆ ਜਾਣ ਕਾਰਨ ਵਾਪਰਿਆ ਸੜਕੀ ਹਾਦਸਾ, ਜਾਨੀ ਨੁਕਸਾਨ ਤੋਂ ਬਚਾਅ

ਮਕਸੂਦਾ/ਜਲੰਧਰ, 3 ਜਨਵਰੀ (ਸਤਿੰਦਰ ਪਾਲ ਸਿੰਘ)-ਦੇਰ ਰਾਤ ਥਾਣਾ ਮਕਸੂਦਾ ਅਧੀਨ ਆਉਂਦੇ ਪਿੰਡ ਪੰਡੋਰੀ ਦੇ ਮੇਨ ਰੋਡ 'ਚ ਸੜਕ ਹਾਦਸੇ 'ਚ ਮਾਤਾ ਵੈਸ਼ਨੋ ਦੇਵੀ ਤੋਂ ਵਾਪਿਸ ਆ ਰਹੀ ਸਕੌਰਪੀਓ ਗੱਡੀ ਸਵਾਰ ਪਰਿਵਾਰ ਸੜਕ ਦੁਰਘਟਨਾ ਦਾ ਸ਼ਿਕਾਰ ਹੋ ਗਿਆ। ਇਹ ਸੜ੍ਹਕ ਹਾਦਸਾ ਇੱਕ ਆਵਾਰਾ ਕੁੱਤੇ ਦੇ ਗੱਡੀ ਦੇ ਅੱਗੇ ਆ ਜਾਣ ਕਾਰਨ ਵਾਪਰਿਆ ਹੈ। ਜਿਸ 'ਤੇ ਗੱਡੀ ਚਲਾ ਰਹੇ ਚਾਲਕ ਵਿਅਕਤੀ ਦਾ ਸੰਤੁਲਨ ਵਿਗੜ ਗਿਆ ਤੇ ਗੱਡੀ ਪਲਟ ਗਈ। ਇਸ ਦੁਰਘਟਨਾ 'ਚ ਕਿਸੇ ਨੂੰ ਵੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਪਰ ਗੱਡੀ ਦੁਰਘਟਨਾਗ੍ਰਸਤ ਹੋ ਗਈ ਹੈ। ਥਾਣਾ ਮਕਸੂਦਾਂ ਦੀ ਪੁਲਿਸ ਵਲੋਂ ਇਸ ਦੁਰਘਟਨਾ ਵਿੱਚ ਗੱਡੀ ਨੂੰ ਸਾਈਡ 'ਤੇ ਲਗਵਾਇਆ ਗਿਆ ਅਤੇ ਟ੍ਰੈਫਿਕ ਨੂੰ ਸੰਚਾਰੂ ਢੰਗ ਨਾਲ ਮੁੜ ਤੋਂ ਸ਼ੁਰੂ ਕਰਵਾਇਆ ਗਿਆ।

# ਅਟਵਾਲ ਨੇ ਦਿੱਲੀ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਬਾਠ ਨੂੰ ਦਿੱਤੀ ਵਧਾਈ

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਦਿੱਲੀ ਗੁਰਦੁਆਰਾ ਕਮੇਟੀ ਦੇ ਅੰਤਰਿੰਗ ਬੋਰਡ ਵਲੋਂ ਕੁਲਵੰਤ ਸਿੰਘ ਬਾਠ ਨੂੰ ਕਮੇਟੀ ਦੇ ਪ੍ਰਧਾਨ ਵਜੋਂ ਕਾਰਜਭਾਰ ਸੌਂਪਿਆ ਗਿਆ ਹੈ। ਸ. ਬਾਠ ਦੇ ਕਾਰਜਕਾਰੀ ਪ੍ਰਧਾਨ ਵਜੋਂ ਜ਼ਿੰਮੇਵਾਰੀ ਸੰਭਾਲਣ 'ਤੇ ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਟਰਾਂਸਪੋਰਟ ਕਾਂਗਰਸ ਦੇ ਪ੍ਰਧਾਨ ਕੁਲਤਾਰਨ ਸਿੰਘ ਅਟਵਾਲ ਨੇ ਕਿਹਾ ਕਿ ਟਰਾਂਸਪੋਰਟ ਭਾਈਚਾਰਾ ਤੇ ਟਰਾਂਸਪੋਰਟ ਕਾਂਗਰਸ ਵਲੋਂ ਇਹ ਕਾਮਨਾ ਕੀਤੀ ਜਾਂਦੀ ਹੈ ਕਿ ਦਿੱਲੀ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਵਜੋਂ ਸ. ਬਾਠ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ 'ਚ ਕਾਮਯਾਬ ਹੋਣਗੇ। ਅਟਵਾਲ ਨੇ ਕਿਹਾ ਕਿ ਸ. ਬਾਠ ਸ਼ੁਰੂ ਤੋਂ ਹੀ ਉਤਸਾਹੀ ਸਮਾਜਕ ਕਾਰਕੁਨ ਰਹੇ ਹਨ ਤੇ ਟਰਾਂਸਪੋਰਟ ਖੇਤਰ 'ਚ ਵੀ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਟਰ ਟਰਾਂਸਪੋਰਟ ਕਾਂਗਰਸ ਵਲੋਂ ਸ. ਬਾਠ ਨੂੰ ਜ਼ਿੰਮੇਵਾਰੀ ਨਿਭਾਉਣ ਸਮੇਂ ਹਰ ਲੋੜੀਂਦਾ ਸਹਿਯੋਗ ਕੀਤਾ ਜਾਵੇਗਾ।



# ਤਖਤ ਸ੍ਰੀ ਦਮਦਮਾ ਸਾਹਿਬ ਨੂੰ ਪੰਜਵੇਂ ਤਖ਼ਤ ਵਜੋਂ ਕਮੇਟੀ 'ਚ ਸ਼ਾਮਿਲ ਕਰਨ ਦੀ ਤਜਵੀਜ਼ ਪਾਸ

**ਕਮੇਟੀ ਜਨਰਲ ਸਕੱਤਰ ਕਾਲਕਾ ਨੇ ਕੀਤਾ ਸਵਾਗਤ**

ਨਵੀਂ ਦਿੱਲੀ, 3 ਜਨਵਰੀ (ਜਗਤਾਰ ਸਿੰਘ)-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਦਿੱਲੀ ਵਿਧਾਨ ਸਭਾ ਵਲੋਂ ਦਿੱਲੀ ਸਿੱਖ ਗੁਰਦੁਆਰਾ ਸੋਧ ਬਿੱਲ 2022 ਪਾਸ ਕਰ ਕੇ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਪੰਜਵੇਂ ਤਖਤ ਵਜੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਵਿਚ ਸ਼ਾਮਿਲ ਕਰਨ ਦੀ ਤਜਵੀਜ਼ ਪਾਸ ਕਰਨ ਦਾ ਸਵਾਗਤ ਕੀਤਾ ਹੈ ਤੇ ਦਿੱਲੀ ਦੀਆਂ ਸੰਗਤਾਂ ਨੂੰ ਇਸਦੀ ਵਧਾਈ ਦਿੱਤੀ ਹੈ। ਕਾਲਕਾ ਨੇ ਕਿਹਾ ਕਿ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਪੰਜਵੇਂ ਤਖਤ ਵਜੋਂ ਦਿੱਲੀ ਗੁਰਦੁਆਰਾ ਕਮੇਟੀ ਐਕਟ ਵਿਚ ਸ਼ਾਮਲ ਕਰਨ ਦੀ ਮੰਗ ਬਹੁਤ ਲੰਬੇ ਸਮੇਂ ਤੋਂ ਸੰਗਤਾਂ ਵੱਲੋਂ ਕੀਤੀ ਜਾ ਰਹੀ ਸੀ ਤੇ ਉਹ ਆਪ ਇਸ ਮਾਮਲੇ ਵਿਚ ਕੇਂਦਰੀ ਗ੍ਰਹਿ ਸਕੱਤਰ ਨੂੰ ਵੀ ਮਿਲੇ ਸਨ ਤੇ ਦਿੱਲੀ ਸਰਕਾਰ ਨੂੰ ਇਸ ਮਾਮਲੇ ਵਿਚ ਚਿੱਠੀ ਪਾਈ ਸੀ। ਸ. ਕਾਲਕਾ ਨੇ ਕਿਹਾ ਕਿ ਹੁਣ ਜਦੋਂ ਦਿੱਲੀ ਵਿਧਾਨ ਸਭਾ ਨੇ ਇਹ ਸੋਧ ਦੀ ਤਜਵੀਜ਼ ਪਾਸ ਕਰ ਦਿੱਤੀ ਹੈ ਤਾਂ ਇਹ ਤਜਵੀਜ਼ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਮਨਜ਼ੂਰੀ ਵਾਸਤੇ ਜਾਵੇਗੀ ਤੇ ਮਨਜ਼ੂਰੀ ਮਿਲਣ ਮਗਰੋਂ ਸਿੱਖਾਂ ਦੇ ਪੰਜਵੇਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਕਮੇਟੀ ਦੇ ਜਨਰਲ ਹਾਊਸ ਦਾ ਮੈਂਬਰ ਬਣ ਸਕਣਗੇ। ਇਸ ਨਾਲ ਹੁਣ ਦਿੱਲੀ ਕਮੇਟੀ ਵਿਚ ਨਾਮਜ਼ਦ ਕੀਤੇ ਜਾਂਦੇ ਮੈਂਬਰਾਂ ਦੀ ਗਿਣਤੀ 9 ਹੈ ਜੋ 10 ਹੋ ਜਾਵੇਗੀ। ਹੁਣ ਤੱਕ ਸਿਰਫ ਚਾਰ ਤਖਤਾਂ ਦੇ ਜਥੇਦਾਰ ਹੀ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰ ਨਾਮਜ਼ਦ ਹੁੰਦੇ ਸਨ।



# ਦਿੱਲੀ ਕਮੇਟੀ ਦਾ ਜਲਦੀ ਗਠਨ ਕੀਤਾ ਜਾਵੇ-ਰਾਜਿੰਦਰ ਸਿੰਘ

**ਵਿਸ਼ਵ ਦੀਆਂ ਸਿੱਖ ਸੰਗਤਾਂ 'ਚ ਵਧ ਰਿਹੈ ਰੋਸ**

ਨਵੀਂ ਦਿੱਲੀ, 3 ਜਨਵਰੀ (ਬਲਵਿੰਦਰ ਸਿੰਘ ਸੋਢੀ)-ਦਿੱਲੀ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਅਤੇ ਇਨ੍ਹਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਕੰਮ ਕਰ ਰਹੀ ਹੈ ਅਤੇ ਸਿੱਖ ਸੰਗਤ ਤੋਂ ਇਲਾਵਾ ਹੋਰ ਧਰਮਾਂ ਦੇ ਲੋਕ ਵੀ ਇਨ੍ਹਾਂ ਗੁਰਦੁਆਰਿਆਂ ਵਿਚ ਦਰਸ਼ਨ ਕਰਨ ਲਈ ਰੋਜ਼ਾਨਾ ਆਉਂਦੇ ਹਨ। ਲੋਕਾਂ ਦੀਆਂ ਭਾਵਨਾਵਾਂ ਇਨ੍ਹਾਂ ਧਾਰਮਿਕ ਸਥਾਨਾਂ ਪ੍ਰਤੀ ਜੁੜੀਆਂ ਹੋਈਆਂ ਹਨ। ਇਨ੍ਹਾਂ ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਵਿਰਾਸਤ ਸਿੱਖਇਜ਼ਮ ਟਰੱਸਟ ਦੇ ਚੇਅਰਮੈਨ ਰਾਜਿੰਦਰ ਸਿੰਘ ਨੇ ਕੀਤਾ ਹੈ। ਉਨ੍ਹਾਂ ਅਫ਼ਸੋਸ ਪ੍ਰਗਟ ਕੀਤਾ ਕਿ ਨਵੀਂ ਕਮੇਟੀ ਦਾ ਪਿਛਲੇ ਸਮੇਂ ਤੋਂ ਗਠਨ ਕਿਸੇ ਨਾ ਕਿਸੇ ਕਾਰਨ ਨਹੀਂ ਹੋ ਰਿਹਾ, ਜਿਸ ਕਾਰਨ ਸਿੱਖ ਸੰਗਤ 'ਚ ਰੋਸ ਵਧਦਾ ਜਾ ਰਿਹਾ ਹੈ। ਉਨ੍ਹਾਂ ਕਮੇਟੀ ਦੇ ਸਾਰੇ ਮੈਂਬਰਾਂ ਸਿੱਖ ਨੇਤਾਵਾਂ ਨੂੰ ਭਰਵੀਂ ਅਪੀਲ ਕੀਤੀ ਹੈ ਕਿ ਉਹ ਧੜੇਬੰਦੀ ਤੋਂ ਉੱਪਰ ਉੱਠ ਕੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਵੇਖਦੇ ਹੋਏ ਸਾਰੇ ਮਾਮਲੇ ਬੈਠ ਕੇ ਹੱਲ ਕਰਨ ਕਿਉਂਕਿ ਸੰਸਾਰ ਭਰ ਦੀਆਂ ਸੰਗਤਾਂ ਵਿਚ ਰੋਸ ਪੈਦਾ ਹੋ ਰਿਹਾ ਹੈ ਅਤੇ ਕਈ ਤਰ੍ਹਾਂ ਦੀਆਂ ਗੱਲਾਂ ਵੀ ਹੋ ਰਹੀਆਂ ਹਨ।

# ਸਰਦੀ ਦੇ ਕਾਰਨ ਬਿਜਲੀ ਦੀ ਵਧ ਰਹੀ ਹੈ ਮੰਗ

ਨਵੀਂ ਦਿੱਲੀ, 3 ਜਨਵਰੀ (ਬਲਵਿੰਦਰ ਸਿੰਘ ਸੋਢੀ)-ਜਿਵੇਂ-ਜਿਵੇਂ ਠੰਢ ਪੈ ਰਹੀ ਹੈ ਉਸ ਦੇ ਨਾਲ ਹੀ ਬਿਜਲੀ ਦੀ ਮੰਗ ਵਧਦੀ ਜਾ ਰਹੀ ਹੈ, ਕਿਉਂਕਿ ਲੋਕ ਗੀਜ਼ਰ, ਹੀਟਰ ਚਲਾ ਰਹੇ ਹਨ, ਜਿਸ ਕਰਕੇ ਬਿਜਲੀ ਦੀ ਮੰਗ ਵਧ ਕੇ 73.22 ਮੈਗਾਵਾਟ ਤੱਕ ਜਾ ਪੁੱਜੀ ਹੈ। ਬਿਜਲੀ ਵਿਤਰਣ ਕੰਪਨੀਆਂ ਨੇ ਇਸ ਵਧੀ ਮੰਗ ਪ੍ਰਤੀ ਆਪਣੀਆਂ ਤਿਆਰੀਆਂ ਕੀਤੀਆਂ ਹੋਈਆਂ ਹਨ। ਇਨ੍ਹਾਂ ਕੰਪਨੀਆਂ ਦਾ ਕਹਿਣਾ ਹੈ ਕਿ ਵਧੀ ਹੋਈ ਇਸ ਮੰਗ ਪ੍ਰਤੀ ਮੌਸਮ ਨੂੰ ਜ਼ਿੰਮੇਵਾਰ ਦੱਸ ਰਹੀਆਂ ਹਨ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਬਿਜਲੀ ਦੀ ਮੰਗ ਪਿਛਲੇ ਸਾਲ ਤੋਂ ਜ਼ਿਆਦਾ ਹੈ। ਜੇਕਰ ਹੁਣ ਹੋਰ ਠੰਢ ਵਧੀ ਤਾਂ ਬਿਜਲੀ ਦੀ ਮੰਗ ਹੋਰ ਵੀ ਵੱਧ ਸਕਦੀ ਹੈ।

CMYK